# ਪਾਕਿਸਤਾਨ ਵਿਚ ਦਹਿਸ਼ਤਗਰਦੀ ਅਤੇ ਤਸ਼ੱਦਦ ਦਾ ਫਾਇਦਾ ਕਿਸ ਨੂੰ?

ਪਾਕਿਸਤਾਨ ਵਿਚ ਦਹਿਸ਼ਤਗਰਦ ਧਾੜਿਆਂ ਦੀਆਂ ਤਸਵੀਰਾਂ ਅਖ਼ਬਾਰਾਂ, ਟੀ ਵੀ ਅਤੇ ਹੋਰ ਮੀਡੀਆ ਵਿਚ ਹਰ ਰੋਜ਼ ਨਜ਼ਰ ਆਉਂਦੀਆਂ ਹਨ। ਇਨ੍ਹਾਂ ਧਾੜਿਆਂ ਵਿਚ ਹਜ਼ਾਰਾਂ ਹੀ ਬੇਗੁਨਾਹ ਲੋਕ ਕਤਲ ਹੋ ਚੁੱਕੇ ਹਨ ਅਤੇ ਅਰਬਾਂ ਖਰਬਾਂ ਰੁਪਏ ਦੇ ਜਾਨਮਾਲ ਦਾ ਨੁਕਸਾਨ ਹੋ ਰਿਹਾ ਹੈ। ਅਮਰੀਕੀ ਸਾਮਰਾਜ, ਮੀਡੀਆ, ਪਾਕਿਸਤਾਨੀ ਸਰਕਾਰ ਅਤੇ ਹਿੰਦੁਸਤਾਨੀ ਸਰਕਾਰ ਇਨ੍ਹਾਂ ਧਾੜਿਆਂ ਲਈ ਦਹਿਸ਼ਤਗਰਦਾਂ ਅਤੇ ਅੱਤਵਾਦੀਆਂ ਨੂੰ ਜ਼ਿੰਮੇਵਾਰ ਠਹਿਰਾ ਰਹੇ ਹਨ। ਅਮਰੀਕਾ ਅਤੇ ਹਿੰਦੁਸਤਾਨ ਵਿਚ ਸਿਆਸਤਦਾਨ ਅਤੇ ਹਾਕਮ ਜਮਾਤਾਂ ਦੇ ਮਾਹਿਰ ਕਲਮਕਾਰ ਹਰ ਰੋਜ਼ ਕਾਲਮ ਲਿਖ ਰਹੇ ਹਨ ਕਿ ਇਨ੍ਹਾਂ ਧਾੜਿਆਂ ਨਾਲ ਪਾਕਿਸਤਾਨ ਦੇ ਐਟਮੀ ਹਥਿਆਰਾਂ ਨੂੰ ਵੀ ਖ਼ਤਰਾ ਹੋ ਗਿਆ ਹੈ, ਅਤੇ ਹੋ ਸਕਦਾ ਹੈ ਕਿ ਇਹ ਦਹਿਸ਼ਤਗਰਦ ਇਨ੍ਹਾਂ ਐਟਮੀ ਹਥਿਆਰਾਂ ਤੇ ਕਬਜ਼ਾ ਕਰ ਲੈਣ ਅਤੇ ਅਮਰੀਕਾ ਅਤੇ ਹਿੰਦੁਸਤਾਨ ਦੀ ਜਮਹੂਰੀਅਤ ਲਈ ਖ਼ਤਰਾ ਪੈਦਾ ਕਰ ਦੇਣ।

ਇਕ ਗੱਲ ਤਾਂ ਸਾਫ਼ ਹੀ ਹੈ ਕਿ ਇਨ੍ਹਾਂ ਧਾੜਿਆਂ ਨਾਲ ਜ਼ਿਆਦਾਤਰ ਆਮ ਲੋਕਾਂ ਦਾ ਹੀ ਨੁਕਸਾਨ ਹੋ ਰਿਹਾ ਹੈ। ਅਕਸਰ ਬੇਗੁਨਾਹ ਲੋਕ ਹੀ ਇਨ੍ਹਾਂ ਧਾੜਿਆਂ ਵਿਚ ਮਾਰੇ ਜਾ ਰਹੇ ਹਨ। ਪਾਕਿਸਤਾਨੀ ਫ਼ੌਜ, ਸਰਕਾਰ ਅਤੇ ਅਮਰੀਕਾ ਇਨ੍ਹਾਂ ਧਾੜਿਆਂ ਦੇ ਉਹਲੇ ਹੇਠ ਲੋਕਾਂ ਉੱਤੇ ਅੰਨ੍ਹਾ ਤਸ਼ੱਦਦ ਢਾਹ ਰਹੇ ਹਨ। ਇਨ੍ਹਾਂ ਧਾੜਿਆਂ ਨਾਲ ਨਜਿੱਠਣ ਦੀ ਦਲੀਲ ਦੇ ਕੇ ਬਲੋਚਿਸਤਾਨ, ਵਜ਼ੀਰਸਤਾਨ ਅਤੇ ਹੋਰਨਾਂ ਇਲਾਕਿਆਂ ਵਿਚ ਅੰਨ੍ਹਾ ਤਸ਼ੱਦਦ ਕੀਤਾ ਜਾ ਰਿਹਾ ਹੈ। ਫ਼ੌਜ ਅਤੇ ਹਵਾਈ ਫ਼ੌਜ ਨਾਲ ਲੋਕਾਂ ਤੇ ਬੰਬ ਸੁਟੇ ਜਾ ਰਹੇ ਹਨ।

ਹਾਕਮ ਤਬਕੇ ਦੇ ਵੱਖ ਵੱਖ ਧੜੇ ਇਕ ਦੂਜੇ ਤੇ ਹਾਵੀ ਹੋਣ ਲਈ, ਇਲਾਕੇ, ਮੰਡੀ ਅਤੇ ਮਾਲ ਤੇ ਕਬਜ਼ਾ ਕਰਨ ਲਈ ਵੀ ਇਨ੍ਹਾਂ ਧਾੜਿਆਂ ਦਾ ਇਸਤੇਮਾਲ ਕਰਦੇ ਹਨ। ਇਨ੍ਹਾਂ ਧਾੜਿਆਂ ਵਿਚ ਬਹੁਤ ਹੀ ਕੀਮਤੀ ਅਤੇ ਆਧੁਨਿਕ ਹਥਿਆਰਾਂ ਦਾ ਇਸਤੇਮਾਲ ਹੋ ਰਿਹਾ ਹੈ। ਇਹ ਸਵਾਲ ਵੀ ਪੈਦਾ ਹੁੰਦਾ ਹੈ ਕਿ ਇਹ ਏਨੇ ਮਹਿੰਗੇ ਹਥਿਆਰ ਇਨ੍ਹਾਂ ਦਹਿਸ਼ਤਗਰਦਾਂ ਕੋਲ ਕਿੱਥੋਂ ਆ ਰਹੇ ਹਨ? ਆਮ ਲੋਕਾਂ ਨੂੰ ਤਾਂ ਇਨ੍ਹਾਂ ਹਥਿਆਰਾਂ ਬਾਰੇ ਕੁਝ ਵੀ ਜਾਣਕਾਰੀ ਨਹੀਂ ਹੈ।

ਕਿਆਸ ਲਾਏ ਜਾਂਦੇ ਹਨ ਕਿ ਇਨ੍ਹਾਂ ਦਹਿਸ਼ਤਗਰਦਾਂ ਦੇ ਕੁਝ ਧੜਿਆਂ ਨੂੰ ਹਿੰਦੁਸਤਾਨ ਅਫ਼ਗਾਨਿਸਤਾਨ ਰਾਹੀਂ ਹਥਿਆਰ ਦੇ ਰਿਹਾ ਹੈ ਅਤੇ ਕੁਝ ਧੜਿਆਂ ਨੂੰ ਅਮਰੀਕਾ ਆਪ ਹਥਿਆਰ ਦੇ ਰਿਹਾ ਹੈ। ਕਿਉਂਕਿ ਕਈ ਧਾੜਿਆਂ ਵਿਚ ਇਹੋ ਜਿਹੇ ਹਥਿਆਰ ਇਸਤੇਮਾਲ ਕੀਤੇ ਜਾ ਰਹੇ ਹਨ ਜੋ ਕਿ ਸਿਰਫ਼ ਅਮਰੀਕਨ ਫ਼ੌਜੀਆਂ ਕੋਲ ਹੀ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਇਸ ਖ਼ਿੱਤੇ ਵਿਚ ਹਫ਼ੜਾ ਦਫ਼ੜੀ ਫੈਲਾਉਣ ਲਈ ਅਮਰੀਕਾ ਨੇ ਹੀ ਦਹਿਸ਼ਤਗਰਦਾਂ ਦੇ ਧੜਿਆਂ ਨੂੰ ਹਥਿਆਰਬੰਦ ਕੀਤਾ ਹੈ ਕਿਉਂਕਿ ਇਸ ਖ਼ਿੱਤੇ ਵਿਚ ਰੌਲਾ ਪੈਣ ਨਾਲ ਅਮਰੀਕਾ ਨੂੰ ਹੀ ਸਾਰਿਆਂ ਨਾਲੋਂ ਜ਼ਿਆਦਾ ਫਾਇਦਾ ਹੈ।

ਤਾਰੀਖ਼ੀ ਤੌਰ ਤੇ ੨੦ਵੀਂ ਸਦੀ ਦੱਸਦੀ ਹੈ ਕਿ ਜਿੱਥੇ ਜਿੱਥੇ ਵੀ ਅਮਰੀਕੀ ਸਾਮਰਾਜ ਗਿਆ ਉਥੇ ਕਤਲੋਗਾਰਤ, ਦਹਿਸ਼ਤਗਰਦੀ ਅਤੇ ਹਫ਼ੜਾ ਦਫ਼ੜੀ ਨਾਲ ਇਸ ਨੇ ਆਪਣੇ ਪੈਰ ਪੱਕੇ ਕੀਤੇ। ਕੋਰੀਆ, ਵੀਅਤਨਾਮ, ਇੰਡੋਨੇਸ਼ੀਆ, ਹੰਡੂਰਾਸ, ਚਿੱਲੀ ਵਗੈਰਾ ਇਸ ਦੇ ਕੁਝ ਨਮੂਨੇ ਹਨ। ਅਮਰੀਕੀ ਸਦਰ ਦੀਆਂ ਚੋਣਾਂ ਦੇ ਦੌਰਾਨ ਜਦੋਂ ਕਿ ਪਾਕਿਸਤਾਨ ਵਿਚ ਹਾਲੇ ਬਹੁਤੇ ਧਾੜੇ ਨਹੀਂ ਹੋ ਰਹੇ ਸੀ ਤਾਂ ਓਬਾਮਾ ਨੇ ਐਲਾਨ ਕੀਤਾ ਸੀ ਕਿ ਅਫ਼ਗਾਨਿਸਤਾਨ ਅਤੇ ਇਰਾਕ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਇਲਾਕਾ ਪਾਕਿਸਤਾਨ ਹੈ। ਓਬਾਮਾ ਦੇ ਸਦਰ ਬਣਨ ਦੇ ਬਾਅਦ ਹੀ ਪਾਕਿਸਤਾਨ ਵਿਚ ਧਾੜੇ ਜ਼ਿਆਦਾ ਵੱਧ ਗਏ ਹਨ ਅਤੇ ਅਮਰੀਕਾ ਇਨ੍ਹਾਂ ਹਮਲਿਆਂ ਨੂੰ ਇਸ ਖ਼ਿੱਤੇ ਵਿਚ ਫ਼ੌਜ ਅਤੇ ਹਥਿਆਰਾਂ ਨਾਲ ਭਰਨ ਲਈ ਇਕ ਬਹਾਨੇ ਦੇ ਤੌਰ ਤੇ ਵੀ ਵਰਤ ਰਿਹਾ ਹੈ।

ਵੀ ਲੋਕਾਂ ਦੀ ਲਹਿਰਾਂ ਨੂੰ ਕੁਰਾਹੇ ਪਾਉਣ ਲਈ ਹਾਕਮ ਮੇਲ ਅੱਜ ਕਲ ਦਹਿਸ਼ਤਗਰਦੀ ਧਾੜਿਆਂ ਨੂੰ ਵੀ ਅਤੇ ਚੋਣਾਂ ਨੂੰ ਵੀ ਵਰਤ ਰਹੇ ਹਨ। ਇਕ ਪਾਸੇ ਉਹ ਦਹਿਸ਼ਤਗਰਦੀ ਧਾੜੇ ਕਰਾਉਂਦੇ ਹਨ ਦੂਜੇ ਪਾਸੇ ਉਹ ਚੋਣਾਂ ਰਾਹੀਂ ਲੋਕਾਂ ਵਿਚ ਦੁਫੇੜ ਪਾਉਂਦੇ ਹਨ। ਲੋਕ ਆਪਣੇ ਮਸਲਿਆਂ ਦੇ ਹੱਲ ਲਈ ਲਾਮਬੰਦ ਹੁੰਦੇ ਹਨ, ਆਪਣਾ ਏਕਾ ਕਰਦੇ ਹਨ। ਪਰ ਹਾਕਮ ਤਬਕੇ ਚੋਣਾਂ ਨੂੰ ਵਰਤ ਕੇ ਉਨ੍ਹਾਂ ਨੂੰ ਵੱਖ ਵੱਖ ਪਾਰਟੀਆਂ ਦੇ ਹਿਮਾਇਤੀ ਬਣਾ ਕੇ ਉਨ੍ਹਾਂ ਦੀ ਏਕਤਾ ਤੇ ਸੱਟ ਮਾਰਦੇ ਹਨ। ਲੋਕ ਆਪਣੇ ਮਸਲਿਆਂ ਦੇ ਹੱਲ ਆਪ ਲੱਭਣ ਦੇ ਬਜਾਏ ਹਾਕਮ ਮੇਲ ਦੀਆਂ ਪਾਰਟੀਆਂ ਲਈ ਵੋਟਰਾਂ ਦਾ ਮਹਿਜ਼ ਇਕ ਇੱਜੜ ਬਣ ਕੇ ਹੀ ਰਹਿ ਜਾਂਦੇ ਹਨ। ਮਿਸਾਲ ਦੇ ਤੌਰ ਤੇ, ਕਨੇਡਾ ਵਿਚ ਪਿਛਲੇ ਕੁਝ ਸਾਲਾਂ ਤੋਂ ਤਕਰੀਬਨ ਹਰ ਸਾਲ ਹੀ ਹਾਕਮ ਦਾਇਰੇ ਚੋਣਾਂ ਕਰਾ ਰਹੇ ਹਨ। ਪਰ ਲੋਕਾਂ ਦਾ ਕੋਈ ਮਸਲਾ ਹੱਲ ਨਹੀਂ ਹੁੰਦਾ। ਹਰੇਕ ਚੋਣ ਦੇ ਬਾਅਦ ਲੋਕ ਮੌਕੇ ਦੀ ਸਰਕਾਰ ਖ਼ਿਲਾਫ਼ ਮੁਹਿੰਮ ਚਲਾਉਂਦੇ ਹਨ ਅਤੇ ਹਾਕਮ ਮੇਲ ਇਕ ਨਵਾਂ ਇਲੈਕਸ਼ਨ ਕਰਵਾ ਕੇ ਇਸ ਮੁਹਿੰਮ ਨੂੰ ਕੁਰਾਹੇ ਪਾ ਦਿੰਦਾ ਹੈ। ਹਿੰਦੁਸਤਾਨ, ਪਾਕਿਸਤਾਨ, ਅਫ਼ਗਾਨਿਸਤਾਨ ਅਤੇ ਹੋਰਨਾਂ ਮੁਲਕਾਂ ਵਿਚ ਵੀ ਇਹੋ ਹਾਲ ਹੈ।

ਲੋਕਾਂ ਦੀ ਏਕਤਾ ਅਤੇ ਜੱਦੋ-ਜਹਿਦ ਤੇ ਸੱਟ ਮਾਰਨ ਲਈ ਲੋਕ ਦੁਸ਼ਮਣ ਤਾਕਤਾਂ ਦਹਿਸ਼ਤਗਰਦੀ ਧਾੜਿਆਂ ਅਤੇ ਚੋਣਾਂ ਨੂੰ ਵਰਤ ਰਹੀਆਂ ਹਨ। ਆਪਣੇ ਮਸਲੇ ਆਪ ਹੱਲ ਕਰਨ ਲਈ ਲੋਕਾਂ ਨੂੰ ਬਹੁਤ ਚੌਕਸ ਰਹਿ ਕੇ ਦਹਿਸ਼ਤਗਰਦੀ ਧਾੜਿਆਂ ਅਤੇ ਲਿਬਰਲ ਜਮਹੂਰੀਅਤ ਖ਼ਿਲਾਫ਼ ਘੋਲ ਚਲਾਉਣ ਦੀ ਲੋੜ ਹੈ। ਇਹ ਦੋਨੋਂ ਹੀ ਲੋਕਾਂ ਦਾ ਨੁਕਸਾਨ ਕਰਕੇ ਹਾਕਮ ਮੇਲ, ਸਾਮਰਾਜ ਅਤੇ ਲੋਕ ਵਿਰੋਧੀ ਤਾਕਤਾਂ ਦਾ ਪੱਖ ਪੂਰਦੇ ਹਨ।